This question paper consists of 8 questions and 7 printed pages.
ਇਸ ਪ੍ਰਸ਼ਨ-ਪੱਤਰ ਵਿੱਚ 8 ਪ੍ਰਸ਼ਨ ਹਨ ਅਤੇ 7 ਮੁਦਰਿਤ ਪੰਨੇ ਹਨ ।

| Roll No. ਰੋਲ ਨੰ: ਅੰਕਾਂ ਵਿਚ | | | | | | | | | | | | | Code No. 52/SS/A/P SET A |
|---|---|---|---|---|---|---|---|---|---|---|---|---|---|

# PUNJABI

# ਪੰਜਾਬੀ

# (310)

ਪਰਿਖਿਆ ਦਾ ਦਿਨ ਅਤੇ ਮਿਤੀ ________________

ਨਿਰੀਖਕਾਂ ਦੇ ਹਸਤਾਖਰ 1. ________________

2. ________________

## ਆਮ ਹਿਦਾਇਤਾ :-

1 ਪਰੀਖਿਆਰਥੀ ਪ੍ਰਸ਼ਨ ਪੱਤਰ ਦੇ ਮੁਖ ਪੰਨੇ ਤੇ ਆਪਣੇ ਰੋਲ ਨੰਬਰ ਜਰੂਰ ਲਿਖਣ ।

2 ਕ੍ਰਿਪਾ ਕਰਕੇ ਪ੍ਰਸ਼ਨ ਪੱਤਰ ਵੇਖ ਲਵੋ ਕਿ ਪ੍ਰਸ਼ਨ ਪੱਤਰ ਦੇ ਕੁਲ ਪੰਨੇ ਅਤੇ ਕੁਲ ਸੁਆਲ ਉਹੋ ਹਿ ਹਨ ਜਿਹੜੇ ਕਿ ਮੁਖ ਪੰਨੇ ਦੇ ਸਭ ਤੋਂ ਉਪਰ ਲਿਖੇ ਗਏ ਹਨ । ਇਹ ਭਿ ਵੇਖ ਲਵੋ ਕਿ ਸੁਆਲ ਸਾਰੇ ਕ੍ਰਮਵਾਰ ਲਿਖੇ ਹੋਏ ਹਨ ।

3 ਵਸਤੂ ਨਿਸ਼ਠ ਸੁਆਲਾਂ ਵਿੱਚ ਆਪਜੀ ਨੇ ਪ੍ਰਸ਼ਨ ਪੱਤਰ ਵਿੱਚ ਦਿੱਤੇ ਚਾਰ ਵਿਕਲਪਾਂ (A), (B), (C), (D) ਵਿੱਚੋਂ ਕੋਈ ਇਕ ਚੁਨਣਾ ਹੈ ਅਤੇ ਸਹੀ ਜੁਆਬ ਨੂੰ ਆਪਣੀ ਉੱਤਰ ਕਾਪੀ ਵਿੱਚ ਲਿਖਣਾ ਹੈ । ਵਿਕਲਪੀ ਸੁਆਲਾਂ ਲਈ ਕੋਈ ਫਾਲਤੂ ਸਮਾਂ ਨਹੀਂ ਮਿਲੇਗਾ ।

4 ਉੱਤਰ ਕਾਪੀ ਵਿੱਚ ਕੋਈ ਪਛਾਣ ਚਿੰਨ੍ਹ ਬਨਾਉਣਾ ਜਾਂ ਆਪਣਾ ਰੋਲ ਨੰਬਰ ਨਿਰਧਾਰਿਤ ਥਾਂ ਦੀ ਜਗ੍ਹਾ ਕਿਧਰੇ ਹੋਰ ਲਿਖਣਾ ਪਰੀਖਿਆਰਥੀ ਦੀ ਪਾਤਰਤਾ ਨੂੰ ਰਦ ਕਰਨ ਤਕ ਲੈ ਜਾਵੇਗਾ ।

5 ਆਪਣੇ ਪ੍ਰਸ਼ਨ ਪੱਤਰ ਦਾ ਕੋਡ ਨੰਬਰ 52/SS/A/P - (A) ਆਪਣੀ ਉੱਤਰ ਕਾਪੀ ਵਿੱਚ ਲਿਖੋ ।

# PUNJABI

# ਪੰਜਾਬੀ

# (310)

Time : **3** Hours ] [Maximum Marks : **100**

ਸਮਾਂ : **3** ਘੰਟੇ ] [ ਕੁੱਲ ਅੰਕ : **100**

ਨੋਟ :- ਲਿਖਾਈ ਸ਼ੁਧ ਸੁੰਦਰ ਅਤੇ ਖੁੱਲੀ-ਖੁੱਲੀ ਕਰਨ ਦਾ ਜਤਨ ਕਰੋ ।

**1** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਵਾਕ ਵਿੱਚ ਲਿਖੋ : **1×8=8**

(i) ਕਵੀ ਫ਼ੀਰੋਜ਼ਦੀਨ ਸ਼ਰਫ਼ ਨੇ ਪੰਜਾਬ ਦੀ ਖ਼ੂਬਸੂਰਤੀ ਦਾ ਪ੍ਰਗਟਾਵਾ ਕਿਸ ਫ਼ੁੱਲ ਦੀ ਖ਼ੂਬਸੂਰਤੀ ਨਾਲ ਕੀਤਾ ਹੈ ?

(ii) ਭੂਆ ਨੇ ਲੇਖਕ (ਭਤੀਜੇ) ਨੂੰ ਪਛਾਣਿਆਂ ਕਿਉਂ ਨਹੀਂ ਸੀ ?

(iii) ਵਿਹਲਾ ਸਮਾਂ ਕਿੰਨ੍ਹਾਂ ਕੋਲ ਹੁੰਦਾ ਹੈ ਤੇ ਕਿੰਨ੍ਹਾਂ ਕੋਲ ਨਹੀਂ ?

(iv) 'ਪੇਮੀ ਦੇ ਨਿਆਣੇ' ਕਹਾਣੀ ਵਿੱਚ ਭੈਣ ਦੁਆਰਾ ਸੁਣਾਈ ਕਹਾਣੀ ਵਿੱਚ ਰਾਣੀ ਰਾਜੇ ਤੋਂ ਕੀ ਕਰਾਰ ਮੰਗਦੀ ਹੈ ?

(v) ਲੋਕ ਗੀਤ ਕਿਸੇ ਸਭਿਆਚਾਰਕ ਸਮੂਹ ਦੀ ਕਿਸ ਦਸ਼ਾ ਦਾ ਪ੍ਰਗਟਾਵਾ ਹੁੰਦੇ ਹਨ ?

(vi) ਭਾਈ ਘਨ੍ਹਈਆ ਜੀ ਨੇ ਕਿਹੜੇ ਯੁੱਧ ਵਿੱਚ ਆਪਣੇ ਸਿਪਾਹੀਆਂ ਅਤੇ ਦੁਸ਼ਮਣ ਦੇ ਜ਼ਖ਼ਮੀ ਸਿਪਾਹੀਆਂ ਨੂੰ ਪਾਣੀ ਪਿਲਾਉਣ ਦੀ ਸੇਵਾ ਕੀਤੀ ?

(vii) ਰਚਿਤ ਸ਼ਬਦ ਕਿਹੜੇ ਹੁੰਦੇ ਹਨ ?

(viii) ਮੁਹਾਵਰੇ ਵਿੱਚ ਕੀ ਹੁੰਦਾ ਹੈ ?

2 ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਈ ਸਹੀ ਵਿਕਲਪ ਚੁਣਕੇ ਆਪਣੀ ਉੱਤਰ ਪੁਸਤਕਾ ਵਿੱਚ ਲਿਖੋ : 1×10=10

(i) ਪੀਲੂ ਦੇ ਕਿੱਸੇ 'ਮਿਰਜਾ ਸਾਹਿਬਾਂ' ਵਿੱਚ ਬੋਕੀ ਕਿਸ ਨੂੰ ਕਿਹਾ ਗਿਆ ਹੈ ?

(A) ਕਿਸੇ ਪੰਛੀ ਨੂੰ (B) ਖੱਚਰ ਨੂੰ

(C) ਮਿਰਜੇ ਦੇ ਬਾਪ ਦੀ ਘੋੜੀ ਨੂੰ (D) ਮਿਰਜੇ ਦੀ ਘੋੜੀ ਨੂੰ

(ii) ਗੁਰੂ ਨਾਨਕ ਦੇਵ ਜੀ ਅਨੁਸਾਰ ਹਾਥੀ ਕਿਸ ਚੀਜ਼ ਦਾ ਪ੍ਰਤੀਕ ਹੈ ?

(A) ਨਿਮਰਤਾ ਦਾ (B) ਭਗਤੀ ਦਾ

(C) ਹਉਮੈਂ ਦਾ (D) ਦੋਸਤੀ ਦਾ

(iii) 'ਕੁਲਫ਼ੀ' ਕਹਾਣੀ ਵਿੱਚ ਕਾਕਾ ਆਪਣੇ ਪਿਤਾ ਕੋਲੋਂ ਕੀ ਮੰਗਦਾ ਹੈ ?

(A) ਦੁੱਧ (B) ਰੋਟੀ

(C) ਟਕਾ (D) ਕੁਲਫ਼ੀ

(iv) 'ਭਾਈ ਘਨ੍ਹਈਆ ਜੀ' ਇਕਾਂਗੀ ਦੀ ਵਾਰਤਾ ਵਾਲੀ ਭਾਸ਼ਾ ਕਿਹੜੀ ਹੈ ?

(A) ਹਿੰਦੀ (B) ਪੰਜਾਬੀ

(C) ਪੰਜਾਬੀ ਹਿੰਦੀ (D) ਇਨ੍ਹਾਂ ਵਿੱਚੋਂ ਕੋਈ ਨਹੀਂ

(v) ਮੇਲਾ ਸ਼ਬਦ ਦਾ ਸਹੀ ਵਿਕਲਪ ਕੀ ਹੈ ?

(A) ਮੁਲਾਕਾਤ (B) ਮੇਲ-ਮਿਲਾਪ

(C) ਗੁਫ਼ਤਗੂ (D) ਮਿਲਣੀ

(vi) ਬਾਬਾ ਜੀ ਆਪਣੇ ਨੌਕਰ 'ਰਾਮੂ' ਨੂੰ ਕਿਸ ਦੀ ਸਾਖੀ ਸੁਣਾਉਂਦੇ ਹਨ ?

(A) ਗੁਰੂ ਨਾਨਕ ਦੇਵ ਜੀ ਦੀ (B) ਬਾਬਾ ਫ਼ਰੀਦ ਜੀ ਦੀ

(C) ਭਾਈ ਘਨ੍ਹਈਆਂ ਜੀ ਦੀ (D) ਗੁਰੂ ਰਾਮਦਾਸ ਜੀ ਦੀ

(vii) ਪੰਜਾਬ ਵਿੱਚ ਸਭ ਤੋਂ ਵੱਧ ਸਰਦੀ ਕਿਹੜੇ ਮਹੀਨੇ ਵਿੱਚ ਪੈਂਦੀ ਹੈ ?

(A) ਕੱਤਕ (B) ਪੋਹ

(C) ਮਾਘ (D) ਫੱਗਣ

(viii) ਸ਼ਬਦ ਰਚਨਾ ਤੋਂ ਕੀ ਭਾਵ ਹੈ ?

(A) ਸ਼ਬਦਾਂ ਤੋਂ ਵਾਕਾ ਦੀ ਰਚਨ ਹੁੰਦੀ ਹੈ ।

(B) ਇਕ ਸ਼ਬਦ ਤੋਂ ਦੂਜਾ ਸ਼ਬਦ ਬਣਾਉਣ ਦੀ ਕਿਰਿਆ ਹੈ ।

(C) ਸ਼ਬਦਾਂ ਦਾ ਵਿਸਤਾਰ ਹੀ ਸ਼ਬਦ ਰਚਨਾ ਕਰਦਾ ਹੈ ।

(D) ਸ਼ਬਦਾਂ ਦੇ ਵੱਖ-ਵੱਖ ਅਰਥਾਂ ਨੂੰ ਸ਼ਬਦ ਰਚਨ ਕਿਹਾ ਜਾਂਦਾ ਹੈ ।

(ix) ਹੇਠ ਲਿਖੇ ਸ਼ਬਦ ਦੇ ਸਹੀ ਸਮਾਨਾਰਥਕ ਸ਼ਬਦ ਦਿੱਤੇ ਗਏ ਵਿਕਲਪਾਂ ਵਿੱਚੋਂ ਚੁਣੋ :

ਆਕਾਸ਼

(A) ਤਾਰਾਮੰਡਲ (B) ਧਰਤੀ

(C) ਆਸਮਾਨ (D) ਪ੍ਰਮਾਤਮਾ

(x) ਹੇਠ ਲਿਖੇ ਸ਼ਬਦ ਦੇ ਸਹੀ ਸਮਾਨਾਰਥਕ ਸ਼ਬਦ ਦਿੱਤੇ ਗਏ ਵਿਕਲਪਾਂ ਵਿੱਚੋਂ ਚੁਣੋ :

ਪਰਬਤ

(A) ਟਿੱਬਾ (B) ਨਦੀ

(C) ਪਹਾੜ (D) ਮੈਦਾਨ

3 ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 30-40 ਸ਼ਬਦਾਂ ਵਿੱਚ ਲਿਖੋ : 10×2=20

(i) ਭਗਤ ਰਵੀਦਾਸ ਜੀ ਅਨੁਸਾਰ ਅਸਲ ਵਿੱਚ ਭਗਤੀ ਕਰਨ ਲਈ ਕਿਸ ਗੱਲ ਦੀ ਲੋੜ ਹੈ ?

(ii) "ਅਕ ਸਿਉ ਪ੍ਰੀਤ ਕਰੇ ਅਕ ਤਿਡਾ ਅਕ ਡਾਲੀ ਬਹਿ ਖਾਇ ।।

ਖਸਮੈਂ ਭਾਵੈ ਉਹੋ ਚੰਗੀ ਜਿ ਕਰੇ ਖੁਦਾਇ ਖੁਦਾਇ ।।"

ਇਨ੍ਹਾਂ ਪੰਕਤੀਆਂ ਵਿੱਚ ਗੁਰੂ ਨਾਨਕ ਦੇਵ ਜੀ ਮਨੁੱਖ ਨੂੰ ਕਿਸ ਪ੍ਰਕਾਰ ਦੀ ਜੀਵਨ ਸ਼ੈਲੀ ਅਪਣਾਉਣ ਦਾ ਉਪਦੇਸ਼ ਦਿੰਦੇ ਹਨ ?

(iii) ਸਃ ਗੁਰਬਖ਼ਸ ਸਿੰਘ ਪ੍ਰੀਤਲੜੀ ਅਨੁਸਾਰ ਉਨ੍ਹਾਂ ਦੀ ਦਾਦੀ ਜੀ ਦਾ ਧਰਮ ਬਾਰੇ ਕੀ ਨਜ਼ਰੀਆ ਸੀ ?

(iv) ਪੰਜਾਬੀ ਲੋਕ ਨਾਚਾਂ ਦੀਆਂ ਕੋਈ ਦੋ ਵੰਨਗੀਆਂ ਬਾਰੇ ਦਸੋ ।

(v) ਨਾਨਕ ਸਿੰਘ ਦੀ ਭੂਆ ਦੀ ਨੂੰਹ ਥਾਲੀ ਵਿੱਚ ਕੀ ਕੀ ਪਰੋਸ ਕੇ ਲਿਆਈ ਸੀ ?

(vi) ਬੱਚਿਆਂ ਨੂੰ ਕਿਹੜੀ ਗੱਲ ਭੈ-ਸਾਗਰ ਜਿੰਨੀ ਵੱਡੀ ਲਗਦੀ ਹੈ ?

(vii) ਰੁਪਈਆਂ ਵਾਲੀ ਅਟੈਚੀ ਚੁਰਾਕੇ ਕੁਲਦੀਪ (ਇਕਾਂਗੀ ਦਾ ਪਾਤਰ) ਕੀ ਸੋਚਦਾ ਹੈ ?

(viii) ਅਖਬਾਰ ਦੀਆ ਕਿਸਮਾਂ ਬਾਰੇ ਲਿਖੋ ।

(ix) ਕਥਾਵਾਚਕ ਆਪਣੇ ਬੱਚੇ ਨੂੰ ਕੁਲਫ਼ੀ ਕਿਉਂ ਨਹੀਂ ਖਵਾ ਸਕਦਾ ?

(x) ਬੰਬਈ ਵਿੱਚ ਰਹਿੰਦੇ ਪੰਜਾਬੀਆਂ ਉੱਪਰ ਬਲਰਾਜ ਸਾਹਨੀ ਨੂੰ ਕੀ ਇਤਰਾਜ ਹੈ ?

4 ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 100-125 ਸ਼ਬਦਾਂ ਵਿੱਚ ਲਿਖੋ : **3×5=15**

(i) ਸਃ ਗੁਰਬਖ਼ਸ਼ ਸਿੰਘ ਪ੍ਰੀਤਲੜੀ ਜੀ ਦੇ 'ਅਹਿੰਸਾ' ਬਾਰੇ ਵਿਚਾਰਾਂ ਨੂੰ ਸੰਖੇਪ ਕਰਕੇ ਲਿਖੋ ।

(ii) 'ਭਾਈ ਘਨ੍ਹਈਆਂ' ਇਕਾਂਗੀ ਦੇ ਪਾਤਰ 'ਰਾਮੂ' ਦਾ ਪਾਤਰ ਚਿਤਰਨ ਸੰਖੇਪ ਕਰਕੇ ਲਿਖੋ ।

(iii) ਲੋਕਧਾਰਾ ਵਿਗਿਆਨੀ 'ਗਿੱਧੇ' ਨੂੰ ਧਰਤੀ ਮਾਤਾ ਦੀ ਪੂਜਾ ਦਾ ਲੋਕ ਨਾਚ ਮੰਨਦੇ ਹਨ । ਪੰਜਾਬ ਦੇ ਗਿੱਧੇ ਬਾਰੇ ਲਿਖੋ ।

5 ਹੇਠ ਲਿਖੇ ਪ੍ਰਸ਼ਨਾ ਦੇ ਉੱਤਰ 150-175 ਸ਼ਬਦਾਂ ਵਿੱਚ ਲਿਖੋ : **2×8=16**

(i) ਡਾਃ ਜਗਤਾਰ 'ਔਰਤ ਦੀ ਹੱਕ ਤਲਫ਼ੀ' ਕਵਿਤਾ ਵਿੱਚ ਕਿਹੜੀ ਗੱਲ ਕਹਿੰਦਾ ਹੈ, ਕਵਿਤਾ ਦੇ ਆਧਾਰ ਤੇ ਵਿਸਤਾਰ ਨਾਲ ਲਿਖੋ ।

(ii) ਕਿਹੜੀਆਂ ਮੁਖ ਖ਼ਬਰਾਂ ਪਹਿਲ ਦੇ ਆਧਾਰ ਉੱਤੇ ਛਪਦੀਆਂ ਹਨ ?

6 ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਤੇ ਲਗਪਗ 200 ਸ਼ਬਦਾਂ ਦਾ ਲੇਖ ਲਿਖੋ : **10**

(i) ਮੇਰੇ ਜੀਵਨ ਦਾ ਉਦੇਸ਼ ।

(ii) ਪੁਸਤਕਾਂ ਸਭ ਤੋਂ ਚੰਗਾ ਸਾਥੀ ।

(iii) ਸਾਡੀਆਂ ਸਮਾਜਿਕ ਬੁਰਾਈਆਂ ।

(iv) ਬੱਚਿਆਂ ਦੀ ਮਾਂ-ਬਾਪ ਪ੍ਰਤੀ ਫਰਜ਼ਾਂ ।

7 ਕਿਸੇ ਪੰਜਾਬੀ ਅਖ਼ਬਾਰ ਦੇ ਸੰਪਾਦਕ ਨੂੰ ਸ਼ਹਿਰ ਵਿੱਚ ਵੱਧਦੀਆਂ ਹੋਈਆ ਵਾਰਦਾਤਾਂ ਦਾ ਜ਼ਿਕਰ ਕਰਦੇ ਹੋਏ ਪੱਤਰ ਲਿਖੋ । **6**

ਜਾਂ

ਤੁਸੀਂ ਕਿਸੇ ਵਿਅੱਕਤੀ ਦੀ ਈਮਾਨਦਾਰੀ ਤੋਂ ਬਹੁਤ ਪ੍ਰਭਾਵਤ ਹੋਏ ਹੋ, ਕਿਸੇ ਪੰਜਾਬੀ ਅਖਬਾਰ ਦੇ ਸੰਪਾਦਕ ਨੂੰ ਉਸ ਸਖ਼ਸੀਅਤ ਦੇ ਬਾਰੇ ਜਾਣਕਾਰੀ ਤੇ ਈਮਾਨਦਾਰੀ ਬਾਰੇ ਅਖ਼ਬਾਰ ਵਿੱਚ ਛਾਪਣ ਲਈ ਬੇਨਤੀ ਕਰੋ ।

8 ਹੇਠ ਲਿਖੇ ਪ੍ਰਸ਼ਨਾ ਦੇ ਉੱਤਰ 100-125 ਸ਼ਬਦਾਂ ਵਿੱਚ ਲਿਖੋ । **3×5=15**

(i) ਇੱਕ ਚੰਗੇ ਅਨੁਵਾਦਕ ਵਿੱਚ ਕਿਹੜੇ ਗੁਣ ਹੋਣੇ ਚਾਹੀਦੇ ਹਨ ?

(ii) ਦੁਭਾਸ਼ੀਏ ਦੀ ਕਾਰ-ਪ੍ਰਕ੍ਰਿਆ ਬਾਰੇ ਜਾਣਕਾਰੀ ਦਿਓ ।

(iii) ਤੱਤਕਾਲੀਨ ਭਾਸ਼ਾਂਤਰ (Interpreter) ਦੀਆਂ ਮੁਸ਼ਕਲਾਂ ਬਾਰੇ ਜਾਣਕਾਰੀ ਦਿਓ ।

ਜਾਂ

(i) ਪੰਜਾਬੀ ਪਰਵਾਸ਼ੀਆਂ ਬਣੀ ਫਿਲਮ ਕਿਸੇ ਇਕ ਬਾਰੇ ਚਰਚਾ ਕਰੋ ।

(ii) ਗੀਤ ਦੇ ਵਿਸ਼ੇ ਕੀ ਹੋ ਸਕਦੇ ਹਨ ?

(iii) ਬਲਵੰਤ ਗਾਰਗੀ ਦੀ ਪੰਜਾਬੀ ਨੂੰ ਦੇਣ ਬਾਰੇ ਸੰਖੇਪ ਵਿੱਚ ਲਿਖੋ ।